## ਚੀਫ਼ ਖਾਲਸਾ ਦੀਵਾਨ ਵੱਲੋਂ 'ਅਨੰਦ ਮੈਰਿਜ ਐਕਟ' ਦੀ ਹਮਾਇਤ ਵਿੱਚ ਵਿਚਾਰ ਚਰਚਾ ਆਯੋਜਿਤ।

**ਪ੍ਰੈਸ ਨੋਟ-**

ਅੰਮ੍ਰਿਤਸਰ, ਸਤੰਬਰ ੨੫

ਸਿੱਖ ਕੌਮ ਦੇ ਵਿਕਾਸ ਅਤੇ ਭਲਾਈ ਲਈ ਮੁੱਢ ਤੋਂ ਯਤਨਸ਼ੀਲ ਸੰਸਥਾ ਚੀਫ਼ ਖਾਲਸਾ ਦੀਵਾਨ ਵੱਲੋਂ ਸਿੱਖ ਜਗਤ ਨਾਲ ਸੰਬੰਧਿਤ ਮਹੱਤਵਪੂਰਨ ਵਿਸ਼ੇ 'ਅਨੰਦ ਮੈਰਿਜ ਐਕਟ' ਸੰਬੰਧੀ ਇਕ ਵਿਚਾਰ-ਗੋਸ਼ਟੀ ਦਾ ਆਯੋਜਨ ਗੁਰੂ ਅਰਜਨ ਦੇਵ ਆਡੀਟੋਰੀਅਮ ਵਿਖੇ ਕੀਤਾ ਗਿਆ। ਚੀਫ਼ ਖਾਲਸਾ ਦੀਵਾਨਦੇ ਪ੍ਰਧਾਨ ਸ੍ਰ. ਚਰਨਜੀਤ ਸਿੰਘ ਚੱਢਾ ਦੀ ਅਗਵਾਈ ਵਿੱਚ ਆਯੋਜਿਤ ਇਸ ਵਿਚਾਰ ਚਰਚਾ ਵਿੱਚ ਸਿੱਖ ਜਗਤ ਦੀਆਂ ਪ੍ਰਮੁੱਖ ਧਾਰਮਿਕ ਅਤੇ ਸਮਾਜਿਕ ਸ਼ਖਸੀਅਤਾਂ ਅਤੇ ਵਿਦਵਾਨਾਂ ਨੇ ਸ਼ਿਰਕਤ ਕੀਤੀ। ਵਿਚਾਰ ਚਰਚਾ ਦੀ ਪ੍ਰਧਾਨਗੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਕੀਤੀ। ਵਿਚਾਰ ਚਰਚਾ ਵਿੱਚ ਹਿੱਸਾ ਲੈਣ ਵਾਲੇ ਮੁੱਖ ਬੁਲਾਰਿਆਂ ਵਿੱਚ ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਦੇ ਚੇਅਰਮੈਨ ਡਾ. ਦਲਬੀਰ ਸਿੰਘ ਢਿੱਲੋਂ, ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ, ਐਡਵੋਕੇਟ ਸ੍ਰ. ਨਵਕਿਰਨ ਸਿੰਘ,ਬੀਬੀ ਕਿਰਨਜੋਤ ਕੌਰ ਮੈਂਬਰ ਐਸ.ਜੀ.ਪੀ.ਸੀ., ਡਾ. ਕਸ਼ਮੀਰ ਸਿੰਘ ਸਾਬਕਾ ਮੁੱਖੀ ਕਾਨੂੰਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰ. ਇਕਬਾਲ ਸਿੰਘ ਆਈ.ਪੀ.ਐਸ ਅਤੇ ਡਾ. ਜੇ.ਐਸ. ਸਾਬਰ ਮੁੱਖੀ ਪੱਤਰ ਵਿਹਾਰ ਐਸ.ਜੀ.ਪੀ.ਸੀ ਸ਼ਾਮਲ ਸਨ। ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਚਰਨਜੀਤ ਸਿੰਘ ਚੱਢਾ ਨੇ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਲਈ ਪਹੁੰਚੀਆਂ ਸਮੂਹ ਸ਼ਖਸੀਅਤਾਂ ਨੂੰ 'ਜੀ ਆਇਆਂ' ਆਖਿਆ। ਉਹਨਾਂ ਕਿਹਾ ਕਿ ਚੀਫ਼ ਖਾਲਸਾ ਦੀਵਾਨ ਦੇ ਮੋਢੀਆਂ ਨੇ ਆਪਣੇ ਯਤਨਾਂ ਸਦਕਾ ੧੯੦੯ ਵਿੱਚ 'ਅਨੰਦ ਮੈਰਿਜ ਐਕਟ' ਨੂੰ ਕਾਨੂੰਨੀ ਪ੍ਰਵਾਨਗੀ ਦਿਵਾਈ ਅਤੇ ਨਵੇਂ ਸੰਵਿਧਾਨ ਦੇ ਲਾਗੂ ਹੋਣ ਤੱਕ ਇਸ ਐਕਟ ਦੀ ਨਿਰਵਿਘਨਤਾ ਸਹਿਤ ਪਾਲਣਾ ਹੁੰਦੀ ਰਹੀ। ਬੜੇ ਦੁਖ ਦੀ ਗੱਲ ਹੈ ਕਿ ੧੯੫੦ ਵਿੱਚ ਲਾਗੂ ਹੋਏ ਅਜ਼ਾਦ ਭਾਰਤ ਦੇ ਸੰਵਿਧਾਨ ਦੀ ਧਾਰਾ ੨੫ ਦੇ ਸੈਕਸ਼ਨ ਦੋ ਅਨੁਸਾਰ ਸਿੱਖਾਂ ਨੂੰ ਹਿੰਦੂਆਂ ਦਾ ਹੀ ਇਕ ਹਿੱਸਾ ਮੰਨਦਿਆਂ ਹੋਇਆਂ ਹਿੰਦੂਆਂ ਦਾ ਪਰਸਨਲ ਲਾਅ ਸਿੱਖਾਂ ਤੇ ਵੀ ਲਾਗੂ ਕਰ ਦਿੱਤਾ ਗਿਆ ਤੇ ਸਿੱਖਾਂ ਦੇ ਵਿਆਹਾਂ ਦੀ ਰਜਿਸਟਰੇਸ਼ਨ ਵੀ ਹਿੰਦੂ ਕੋਡ ਦੇ ਅਧੀਨ ਹੋਣ ਲੱਗੀ ਜੋ ਅੱਜ ਤੱਕ ਜਾਰੀ ਹੈ। ਉਹਨਾਂ ਕਿਹਾ ਕਿ ਸਿੱਖ ਆਪਣੇ ਵੱਖਰੇ ਪਿਛੋਕੜ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਦਕਾ ਸਾਰੇ ਸੰਸਾਰ ਵਿੱਚ ਆਪਣੀ ਵੱਖਰੀ ਪਛਾਣ ਰੱਖਦੇ ਹਨ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਵੱਲੋਂ ਇਹਨਾਂ ਨੂੰ ਮੁਸਲਮਾਨਾਂ ਜਾਂ ਇਸਾਈਆਂ ਵਾਂਗ ਇਕ ਵੱਖਰੀ ਕੌਮ ਨਾ ਮੰਨ ਕੇ ਹਿੰਦੂਆਂ ਦਾ ਇਕ ਹਿੱਸਾ ਮੰਨਿਆ ਗਿਆ ਹੈ। ਚੀਫ਼ ਖਾਲਸਾ ਦੀਵਾਨ ਸਰਕਾਰ ਅੱਗੇ ਪੁਰਜੋਰ ਅਪੀਲ ਕਰਦਾ ਹੈ ਕਿ ਸਿੱਖ ਇਕ ਵੱਖਰੀ ਸੁਤੰਤਰ ਕੌਮ ਹਨ, ਇਸ ਲਈ ਉਹਨਾਂ ਵਾਸਤੇ ਵੱਖਰਾ ਪਰਸਨਲ ਲਾਅ ਬਣਾ ਕੇ ਅਨੰਦ ਮੈਰਿਜ ਐਕਟ ਨੂੰ ਕੌਮ ਦੀਆਂ ਭਾਵਨਾਵਾਂ ਮੁਤਾਬਿਕ ਤਰਮੀਮ ਕੀਤਾ ਜਾਵੇ ਅਤੇ ਉਹਨਾਂ ਦੇ ਵਿਆਹਾਂ ਦੀ ਰਜਿਸਟਰੇਸ਼ਨ 'ਅਨੰਦ ਮੈਰਿਜ ਐਕਟ' ਤਹਿਤ ਕੀਤੀ ਜਾਵੇ।

ਵਿਚਾਰ-ਚਰਚਾ ਦੇ ਅੰਤ ਤੇ ਸਮੂਹ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੁਆਰਾ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ-
ਅਨੰਦ ਮੈਰਿਜ ਐਕਟ ੧੯੦੯ ਸਿੱਖ ਪਰੰਪਰਾ ਅਨੁਸਾਰ ਲਈਆਂ ਗਈਆਂ ਲਾਵਾਂ ਨੂੰ ਮਾਨਤਾ ਦੇਣ ਲਈ ਸਿੱਖ ਚਿੰਤਕਾਂ ਅਤੇ ਚੀਫ਼ ਖਾਲਸਾ ਦੀਵਾਨ ਦੇ ਮੋਢੀਆਂ ਵੱਲੋਂ ਉਸ ਸਮੇਂ ਚੁਕਿਆ ਗਿਆ ਇੱਕ ਸ਼ਲਾਘਾਯੋਗ ਕਦਮ ਸੀ। ਪਰ ਅੱਜ ਸਮੇਂ ਦੀ ਲੋੜ ਹੈ ਕਿ ਸਿੱਖੀ ਰਵਾਇਤਾਂ ਅਨੁਸਾਰ ਹੋਏ ਵਿਆਹ ਨੂੰ ਦਰਜ (ਰਜਿਸਟਰਡ) ਵੀ ਅਨੰਦ ਮੈਰਿਜ ਐਕਟ ਅਧੀਨ ਹੀ ਕੀਤਾ ਜਾਵੇ, ਇਸ ਲਈ ੧੯੦੯ ਦੇ ਐਕਟ ਦੀ ਸੋਧ ਜ਼ਰੂਰੀ ਹੋ ਗਈ ਹੈ।

ਸਿੱਖ ਸੰਸਥਾਵਾਂ ਤੇ ਸਿੱਖ ਚਿੰਤਕਾਂ ਵੱਲੋਂ ਇਸ ਮੁੱਦੇ ਸੰਬੰਧੀ ਕਈ ਤਰ੍ਹਾਂ ਦੇ ਮਤੇ ਅਤੇ ਸੁਝਾਅ ਪਹਿਲਾਂ ਵੀ ਸਰਕਾਰ ਅੱਗੇ ਪੇਸ਼ ਕੀਤੇ ਜਾ ਚੁੱਕੇ ਹਨ। ਚੀਫ਼ ਖਾਲਸਾ ਦੀਵਾਨ ਵੱਲੋਂ ਅੱਜ ਦੀ ਵਿਚਾਰ ਚਰਚਾ ਤੋਂ ਬਾਅਦ ਅਨੰਦ ਮੈਰਿਜ ਐਕਟ ਵਿੱਚ ਸੋਧ ਕਿਉਂ ਜ਼ਰੂਰੀ ਹੈ- ਦੀ ਲੋੜ ਨੂੰ ਬੱਲ ਮਿਲਿਆ ਹੈ। ਇਹ ਸਿੱਖਾਂ ਦੀ ਆਪਣੀ ਨਿਆਰੀ ਹੋਂਦ ਦਾ ਵੀ ਮਸਲਾ ਹੈ।

- ਅੱਜ ਦਾ ਇਹ ਇੱਕਠ ਅਤੇ ਚੀਫ਼ ਖਾਲਸਾ ਦੀਵਾਨ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਅਨੰਦ ਮੈਰਿਜ ਐਕਟ ਵਿੱਚ ਸੋਧ ਕਰ ਕੇ ਸਿੱਖ ਕੌਮ ਦੀ ਇਸ ਮੰਗ ਨੂੰ ਪ੍ਰਵਾਨਿਆ ਜਾਵੇ ਤਾਂ ਜੋ ਇਸ ਤੋਂ ਅੱਗੇ ਚਲਦੇ ਹੋਏ ਸਿੱਖਾਂ ਦੇ ਆਪਣੇ ਪਰਸਨਲ ਲਾਅ ਦੀ ਵੀ ਗੱਲ ਕੀਤੀ ਜਾ ਸਕੇ।। ਤਾਂ ਜੋ ਸਿੱਖ ਆਪਣੇ ਆਪ ਨੂੰ ਹਿੰਦੂ ਸ਼ਬਦ ਤੋਂ ਅਜਾਦ ਸਮਝਣ।

- ਅੱਜ ਦਾ ਇਹ ਇੱਕਠ ਅਤੇ ਚੀਫ਼ ਖਾਲਸਾ ਦੀਵਾਨ ਸਾਰੇ ਸਿੱਖ ਿਫ'ਸ ਨੂੰ ਬੇਨਤੀ ਕਰਦਾ ਹੈ ਕਿ ਉਹ ਪਾਰਟੀ ਵਿਚਾਰਧਾਰਾ ਤੋਂ ਉਪੱਰ ਉਠ ਕੇ ਸਿੱਖ ਜਜ਼ਬਾਤਾਂ ਦੀ ਤਰਜਮਾਨੀ ਕਰਦਿਆਂ ਪਾਰਲੀਮੈਂਟ ਵਿੱਚ ਇਸ ਦੀ ਸੋਧ ਲਈ ਉਪਰਾਲਾ ਕਰਨ।

- ਅੱਜ ਦਾ ਇਹ ਇਜਲਾਸ ਅਤੇ ਚੀਫ਼ ਖਾਲਸਾ ਦੀਵਾਨ ਦੂਰ-ਨੇੜੇ ਵਸਦੇ ਸਮੂਹ ਸਿੱਖ ਜਗਤ ਨੂੰ ਸਨਿਮਰ ਬੇਨਤੀ ਕਰਦਾ ਹੈ ਕਿ ਆਪਣੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਨੂੰ ਸੰਸਦ ਵਿੱਚ ਅਨੰਦ ਮੈਰਿਜ ਐਕਟ ੧੯੦੯ ਵਿੱਚ ਸੋਧ ਕਰਵਾਉਣ ਲਈ ਆਪਣਾ ਰੋਲ ਅਦਾ ਕਰਨ ਲਈ ਪ੍ਰੇਰਿਤ ਕਰਨ।

- ਅੱਜ ਦੀ ਇਹ ਇੱਕਤਰਤਾ ਅਤੇ ਚੀਫ਼ ਖਾਲਸਾ ਦੀਵਾਨ ਵਿਧਾਨ ਸਭਾਵਾਂ, ਪੰਚਾਇਤਾਂ, ਸਮੂਹ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦਾ ਹੈ ਕਿ ਇਸ ਸੰਬੰਧੀ ਮਤੇ ਪਾਸ ਕਰ ਕੇ ਭਾਰਤ ਸਰਕਾਰ ਨੂੰ ਭੇਜਣ ਤਾਂ ਜੋ ਅਨੰਦ ਮੈਰਿਜ ਐਕਟ ਦੀ ਲੋੜ ਦਾ ਸਰਕਾਰ ਨੂੰ ਅਹਿਸਾਸ ਹੋਵੇ।

ਅੰਤ ਵਿੱਚ ਇਹ ਸੰਮੇਲਨ ਭਾਰਤ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਸਿੱਖ ਮੁੱਦਿਆਂ ਪ੍ਰਤੀ ਅਣਦੇਖੀ ਕਰਨ ਵਾਲਾ ਰੱਵਈਆ ਨਾ ਅਪਣਾਏ।

ਪ੍ਰੋਗਰਾਮ ਦੇ ਅੰਤ ਤੇ ਚੀਫ਼ ਖਾਲਸਾ ਦੀਵਾਨ ਦੇ ਕਾਰਜਕਾਰੀ ਆਨਰੇਰੀ ਸਕੱਤਰ ਸ੍ਰ. ਸੰਤੋਖ ਸਿੰਘ ਸੇਠੀ ਨੇ ਅੱਜ ਦੀ ਵਿਚਾਰ ਚਰਚਾ ਵਿੱਚ ਹਾਜ਼ਰ ਸਮੂਹ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਵਿੱਚ ਉੱਪਰ ਵਰਣਿਤ ਸ਼ਖਸੀਅਤਾਂ ਤੋਂ ਇਲਾਵਾ ਡਾ. ਸੰਤੋਖ ਸਿੰਘ, ਸ੍ਰ. ਨਿਰਮਲ ਸਿੰਘ, ਸ੍ਰ. ਪ੍ਰਿਤਪਾਲ ਸਿੰਘ ਸੇਠੀ, ਸ੍ਰ. ਹਰਮਿੰਦਰ ਸਿੰਘ, ਡਾ. ਧਰਮਵੀਰ ਸਿੰਘ, ਸ੍ਰ. ਜਗਜੀਤ ਸਿੰਘ, ਸ੍ਰ. ਸੁਰਿੰਦਰ ਪਾਲ ਸਿੰਘ ਵਾਲੀਆ, ਸ੍ਰ. ਅਜੀਤ ਸਿੰਘ, ਸ੍ਰ. ਰਣਬੀਰ ਸਿੰਘ ਚੋਪੜਾ, ਸ੍ਰ. ਉਜਾਗਰ ਸਿੰਘ ਜਲੰਧਰ, ਸ੍ਰ. ਗੁਰਬਖਸ਼ ਸਿੰਘ, ਸ੍ਰ. ਰਣਜੀਤ ਸਿੰਘ ਬਸਰਾ, ਸ੍ਰ. ਟੀ.ਐਸ. ਚਾਹਲ, ਸ੍ਰ. ਬਲਦੇਵ ਸਿੰਘ ਚਾਹਲ, ਸ੍ਰ. ਸੁਰਜੀਤ ਸਿੰਘ, ਸ੍ਰ. ਰੂਪ ਸਿੰਘ ਅਡੀਸ਼ਨਲ ਸਕੱਤਰ ਐਸ.ਜੀ.ਪੀ.ਸੀ, ਸ੍ਰ. ਬਲਵਿੰਦਰ ਸਿੰਘ ਜੌੜਾ ਸਹਾਇਕ ਸਕੱਤਰ ਐਸ.ਜੀ.ਪੀ.ਸੀ, ਸ੍ਰ. ਮੁਹਿੰਦਰ ਸਿੰਘ ਚਾਵਲਾ ਰਿਟਾ. ਸੈਸ਼ਨ ਜੱਜ, ਸ੍ਰ. ਗੁਣਬੀਰ ਸਿੰਘ, ਸ੍ਰ. ਜਗਜੀਤ ਸਿੰਘ ਡਾਇਰੈਕਟਰ ਸ.ਸ.ਸ.ਸ ਸੰਸਥਾਵਾਂ, ਸ੍ਰ. ਗੁਰਬਚਨ ਸਿੰਘ ਚਾਵਲਾ, ਸ੍ਰ. ਗੁਰਿੰਦਰ ਸਿੰਘ ਚਾਵਲਾ, ਸ੍ਰ. ਜਸਪਾਲ ਸਿੰਘ, ਸ੍ਰ. ਗੁਰਿੰਦਰ ਸਿੰਘ ਤਰਨ ਤਾਰਨ, ਸ੍ਰ. ਮਨਮੋਹਨ ਸਿੰਘ ਸੇਠੀ, ਸ੍ਰ. ਰਜਿੰਦਰ ਸਿੰਘ ਕਪੂਰ, ਡਾ. ਗੁਰਦੇਵ ਸਿੰਘ ਗਿਰਗਿਲਾ, ਡਾ. ਅਮਰਜੀਤ ਕੌਰ ਗਿਰਗਿਲਾ, ਸ਼੍ਰੀ ਐਸ. ਕੰਵਰ ਐਡਵੋਕੇਟ, ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਅਤੇ ਅਧਿਆਪਕ ਸਾਹਿਬਾਨ ਸ਼ਾਮਲ ਸਨ।

# Sikhs demand separate Sikh Marriage Act

## CKD Organizes Panel Discussion on Anand Marriage Act

**Press Note**
**Amritsar, September 25**

The deliberations were held here today at Chief Khalsa Diwan (CKD) during the `panel discussion' on Anand Karaj Act in which the legal experts and Sikh intellectuals demanded separate Sikh Marriage Act at the earliest. They said that the Anand Marriage Act came into being in 1909 with the earnest efforts of CKD itself and it was in practice till 1950 when the Indian constitution came into being. The Indian constitution however gave no provision for separate law for Sikh marriages.

Today all the sikh marriages have to be registered under Hindu Marriage Act. Since then various sikh organizations have appealed for separate marriage Act for Sikh marriages to be registered, there has been constant demand for the implementation of Anand Marriage Act. Held at the Sri Guru Harkrishan Sr. Sec. Public School, G.T.Road, the discussion witnessed different intellectuals and educationists expressing their views on Anand Marriage Act.

The prominent spokespersons on the occasion were Singh Sahib Giani Gurbachan Singh Jathedar Akal Takht Sahib, Dr. Dilbir Singh Dhillon, Chairman P.S.E.B. Mohali, Dr. Daljit Singh, Principal Khalsa College, S. Navkiran Singh Advocate, Bibi Kiranjot Kaur, SGPC Member, Dr. Kashmir Singh, Ex head Law Deptt., Dr. J.S. Sabar, S. Iqbal Singh, IPS.

S. Charanjit Singh Chadha, President CKD, welcoming the guests informed that there have been fervent appeals not only from India but abroad as well on the issue of recognition being given to the Anand Karaj through a statutory enactment. Principal/Director Dr. Dharamveer Singh also pointed out to the fact that Muslims even though do not possess majority of Indian Population, have their own Laws for marriages, then why Sikhs can't have their separate law for marriage who are forced to register their marriages under the provisions of Hindu Marriage Act.

It was followed by the healthy discussions by different spokespersons stressing the need for separate Anand Marriage Act. The Panel discussion was hosted by Dr. Jaswinder Singh Dhillon, Hony. Secy. Education Committee CKD. The program was also attended by S. Nirmal Singh, S. Harminder Singh, S. Pritpal Singh Sethi, S. Manmohan Singh, S. T.S. Chahal, S. Baldev Singh Chahal, S. Surjit Singh, S. Ujjagar Singh, S. Ranbir Singh Chopra, S. Surinder Pal Singh Walia, S. Gurbaksh Singh, S. Ranjit Singh Basra, S. Santokh Sngh, Dr. Dharamveer Singh, S. Roop Singh, S. Balwinder Singh Joura, S. Mohinder Singh Chawla, S. Gunbir Singh, S. Jagdish Singh, S. Gurbachan Singh, S. Gurinder Singh Chawla, S. Jaspal Singh, S. Gurinder Singh Tarn Taran, S. Manmohan Singh Sethi, S. Rajinder Singh Kapoor, Dr. Gurdev Singh Girgla, Dr. Amarjit Singh Girgla, Mr. S. Kuwar and Principals & teachers of various Schools.
Vote of thanks was proposed by Dr. Santokh Singh Sethi, Hony. Secy. CKD.

**The Resolution passed on Anand Marriage Act September 25, 2011**

1. To give recognition to the `Lavan' under Anand Marriage Act 1909, various steps then taken by Sikh leaders and Chief Khalsa Diwan founders is worth appreciation. But the need of the hour is to register the Sikh marriages according to Anand Marriage Act and thus it is important to make amendments in the present act.

2.Today's congregation and Chief Khalsa Diwan urges the government to amend the Anand Marriage Act and agree to the long pending demand of the Sikhs so that they can further discuss on Sikh personal Law and feel themselves free from the word Hindu.

3. Various Sikh Institutions and Sikh intellectuals have already offered their suggestions on this issue. After the panel discussion by Chief Khalsa Diwan today the proposal to the amendment of the Anand Marriage Act has got more strength  This is also an issue of separate Sikh identity.

4. Today's congregation and Chief Khalsa Diwan also makes a fervent appeal to the Sikh MP's to rise above their political parties and make strenuous efforts to bring amendments in this act.

5.Today's congregation and Chief Khalsa Diwan appeals to the Sikh community to motivate their local MP's to vehemently take up the issue of amendment of Anand Marriage Act and make efforts to resolve this issue.

6.Today's congregation and Chief Khalsa Diwan appeals to the members of Vidhan Sabha, Panchayat members, Sikh institutions and Singh Sabhas to make the resolution tin this regard and send it to the Centre Govt. of India so that the need of Anand Marriage Act can be felt.

7. In the end this congregation demands from the Centre Govt. not to overlook this Sikh issue of amendment of Anand Marriage Act.

--------------------